# ਸ਼ੇਖ ਫ਼ਰੀਦ - ਸਬਦ ੬੦

## ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥

ਸਾਰ: ਭੌਤਿਕ ਢਾਂਚਿਆਂ ਅਤੇ ਧਨ ਨਾਲ ਭਾਵਨਾਤਮਕ ਜੁੜਾਅ ਅਕਸਰ ਸੁਰੱਖਿਆ ਵਾਂਗ ਮਹਿਸੂਸ ਹੁੰਦਾ ਹੈ, ਪਰ ਇਹ ਹੌਲੇ-ਹੌਲੇ ਸਾਡੀ ਪਹਿਚਾਣ ਨੂੰ ਉਹਨਾਂ ਵਸਤਾਂ ਨਾਲ ਜੋੜ ਦਿੰਦਾ ਹੈ ਜੋ ਕਦੇ ਵੀ ਗਵਾਚ ਸਕਦੀਆਂ ਹਨ। ਅਸੀਂ ਆਪਣੀ ਕੀਮਤ ਨੂੰ ਉਹਨਾਂ ਵਸਤਾਂ ਨਾਲ ਮਾਪਣੀ ਸ਼ੁਰੂ ਕਰ ਦਿੰਦੇ ਹਾਂ ਜੋ ਅਸੀਂ ਰੱਖਦੇ ਹਾਂ, ਬਣਾਉਂਦੇ ਹਾਂ ਜਾਂ ਦਿਖਾਉਂਦੇ ਹਾਂ, ਅਤੇ ਮਾਲਕੀ ਨੂੰ ਸਥਿਰਤਾ ਸਮਝ ਬੈਠਦੇ ਹਾਂ। ਜਦੋਂ ਹਾਲਾਤ ਬਦਲਦੇ ਹਨ, ਤਾਂ ਅੰਦਰ ਬੇਚੈਨੀ ਪੈਦਾ ਹੁੰਦੀ ਹੈ ਕਿਉਂਕਿ ਅਸਲ ਆਧਾਰ ਬਾਹਰਲੇ ਤੱਤਾਂ 'ਤੇ ਟਿਕਿਆ ਹੁੰਦਾ ਹੈ। ਢਾਂਚੇ ਸਰੀਰ ਨੂੰ ਓਟ ਦੇ ਸਕਦੇ ਹਨ ਅਤੇ ਧਨ ਸੁਵਿਧਾ, ਪਰ ਇਹਨਾਂ ਵਿਚੋਂ ਕੋਈ ਵੀ ਅੰਤਰੀਵੀ ਆਪੇ ਨੂੰ ਥਿਰਤਾ ਨਹੀਂ ਦੇ ਸਕਦਾ। ਅਸਲ ਖ਼ਤਰਾ ਵਸਤਾਂ ਦੇ ਖੁਸ ਜਾਣ ਵਿਚ ਨਹੀਂ, ਸਗੋਂ ਉਹਨਾਂ ਨੂੰ ਬਚਾਉਂਦੇ ਹੋਏ ਆਪਣੇ ਆਪ ਨੂੰ ਗਵਾ ਬੈਠਣ ਵਿਚ ਹੈ। ਤੱਤਸਾਰ ਇਹ ਹੈ ਕਿ ਧਨ ਨੂੰ ਇਕ ਸਾਧਨ ਵਜੋਂ ਵਰਤਿਆ ਜਾਵੇ, ਨਾ ਕਿ ਹਿਰਦੇ ਨੂੰ ਸਕੂਨ ਦੇਣ ਵਾਲੀ ਕਿਸੇ ਵਸਤ ਵੱਜੋਂ।

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਫਰੀਦ ਕਹਿੰਦੇ ਹਨ ਕਿ ਆਪਣਾ ਮਨ, ਘਰਾਂ, ਮਹਲਾਂ ਅਤੇ ਹਵੇਲੀਆਂ ਨਾਲ ਨਹੀਂ ਜੋੜਨਾ ਚਾਹੀਦਾ। ਇਹ ਭਾਵ ਸਾਨੂੰ ਸੁਚੇਤ ਕਰਦਾ ਹੈ ਕਿ ਭੌਤਿਕ ਵਸਤਾਂ ਵਿਚ ਆਪਣੀ ਪਹਿਚਾਣ ਅਤੇ ਸੁਰੱਖਿਆ ਦੀ ਭਾਲ ਨਾ ਕਰੀਏ, ਕਿਉਂਕਿ ਇਹ ਸਾਨੂੰ ਅਸਲ ਅੰਤਰੀਵੀ ਸ਼ਾਂਤੀ ਤੋਂ ਭਟਕਾ ਸਕਦੇ ਹਨ।

ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥
ਜਦੋਂ ਦੇਹੀ ਮਿੱਟੀ ਦਾ ਭਾਰ ਹੇਠ ਦੱਬੀ ਜਾਂਦੀ ਹੈ, ਤਦੋਂ ਕੋਈ ਵੀ ਸਾਥੀ ਨਹੀਂ ਰਹਿੰਦਾ। ਇਹ ਕਠੋਰ ਸੱਚ ਹਉਮੈਂ ਦੀ ਨਾਜੁਕਤਾ ਨੂੰ ਮੌਤ ਦੇ ਸਾਹਮਣੇ ਬੇਨਕਾਬ ਕਰਦਾ ਹੈ ਅਤੇ ਦੱਸਦਾ ਹੈ ਕਿ ਭੌਤਿਕ ਗੱਠਜੋੜ ਕੋਈ ਪੱਕਾ ਸਹਾਰਾ ਨਹੀਂ ਦੇ ਸਕਦੇ। (੫੭)

ਤੱਤ: ਸ਼ੇਖ ਫ਼ਰੀਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਸੁਰੱਖਿਆ ਲਈ ਭੌਤਿਕ ਵਸਤਾ ‘ਤੇ ਨਿਰਭਰ ਹੋਣਾ ਅਤੇ ਆਪਣੀ ਕਦਰ ਨੂੰ ਬਾਹਰੀ ਪਹਿਚਾਣਾਂ ਨਾਲ ਜੋੜਨਾ ਸਾਨੂੰ ਅਸਲ ਅੰਤਰੀਵੀ ਸ਼ਾਂਤੀ ਤੋਂ ਦੂਰ ਕਰ ਸਕਦਾ ਹੈ। ਅਸਲ ਭਰਪੂਰਤਾ ਸੰਸਾਰੀ ਪ੍ਰਾਪਤੀਆਂ ਤੋਂ ਨਹੀਂ, ਸਗੋਂ ਅੰਦਰੋਂ ਉਪਜਦੀ ਹੈ। ਸਾਡਾ ਅੰਤਰੀਵੀ ਮੁੱਲ ਜਿੰਨਾ ਜ਼ਿਆਦਾ ਬਾਹਰੀ ਤੱਥਾਂ ‘ਤੇ ਨਿਰਭਰ ਕਰਦਾ ਹੈ, ਸਾਡੇ ਅੰਦਰ ਖੁਸਣ ਅਤੇ ਤੁਲਨਾ ਦੇ ਡਰ ਦੀ ਭਾਵਨਾ ਉਨ੍ਹਾਂ ਹੀ ਵਧਦੀ ਹੈ। ਅਸਲ ਭਰਪੂਰਤਾ ਦਾ ਉਦਭਵ ਉਦੋਂ ਹੁੰਦਾ ਹੈ ਜਦੋਂ ਚੇਤਨਾ, ਅੰਤਹਕਰਣ ਅਤੇ ਅੰਤਰੀਵੀ ਇਕਸੁਰਤਾ ਸਾਡੇ ਲਈ ਅਸਲ ਪਨਾਹ ਬਣ ਜਾਂਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**